Series : S7PQR

SET ~ 4

Roll No.

Q.P. Code **4/7**

Candidates must write the Q.P. Code on the title page of the answer-book.

# ਪੰਜਾਬੀ

# PUNJABI

*ਸਮਾਂ ਸੀਮਾ : 3 ਘੰਟੇ* | *ਪੂਰਨ ਅੰਕ : 80*

*Time allowed : 3 hours* | *Maximum Marks : 80*

(I) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ ਛਪੇ ਹੋਏ **7** ਪੰਨੇ ਹਨ ।
Please check that this question paper contains **7** printed pages.

(II) ਪ੍ਰਸ਼ਨ ਪੱਤਰ ਵਿੱਚ ਸੱਜੇ ਹੱਥ ਦੇ ਵੱਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
Q.P. Code given on the right hand side of the question paper should be written on the title page of the answer-book by the candidate.

(III) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **12** ਪ੍ਰਸ਼ਨ ਹਨ ।
Please check that this question paper contains **12** questions.

(IV) **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿੱਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
**Please write down the Serial Number of the question in the answer-book at the given place before attempting it.**

(V) ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the candidates will read the question paper only and will not write any answer on the answer-book during this period.

[ ]

***General Instructions :***

*Question paper is divided into* ***four*** *parts.*

*It has total 12 questions.*

***Part-I*** *: 1 Question no. 1*

***Part-II*** *: 2 Questions no. 2 and 3*

***Part-III*** *: 2 Questions no. 4 and 5*

***Part-IV*** *: 7 Questions no. 6 to 12*

*Attempt questions as per specific instructions.*

*Write question no. in answer-book before attempting it.*

***ਸਾਧਾਰਨ ਨਿਰਦੇਸ਼ :***

*ਪ੍ਰਸ਼ਨ ਪੱਤਰ ਵਿੱਚ ਕੁੱਲ* ***ਚਾਰ*** *ਭਾਗ ਹਨ ।*

*ਇਸ ਵਿੱਚ ਕੁੱਲ 12 ਪ੍ਰਸ਼ਨ ਹਨ ।*

***ਭਾਗ-I*** *: 1 ਪ੍ਰਸ਼ਨ ਨੰ. 1*

***ਭਾਗ-II*** *: 2 ਪ੍ਰਸ਼ਨ ਨੰ. 2 ਅਤੇ 3*

***ਭਾਗ-III*** *: 2 ਪ੍ਰਸ਼ਨ ਨੰ. 4 ਅਤੇ 5*

***ਭਾਗ-IV*** *: 7 ਪ੍ਰਸ਼ਨ ਨੰ. 6 ਤੋਂ 12 ਤੱਕ*

## ਭਾਗ-I : ਪੜ੍ਹਨ-ਕੌਸ਼ਲ

## PART-I : Reading Skills *8*

**1.** ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ : *8×1=8*

ਰੁੱਖ ਸਾਡੇ ਜੀਵਨ ਦਾ ਅਨਮੋਲ ਧਨ ਤੇ ਕੁਦਰਤ ਵੱਲੋਂ ਮਿਲਿਆ ਅਨਮੋਲ ਤੋਹਫਾ ਹਨ । ਇਹਨਾਂ ਨਾਲ ਜੰਗਲ ਮੌਲਦਾ ਹੈ, ਕੁਦਰਤ ਧੜਕਦੀ ਹੈ ਤੇ ਵਾਤਾਵਰਨ ਰਮਣੀਕ ਹੁੰਦਾ ਹੈ । ਵੇਲਾਂ ਬੂਟਿਆਂ ਰਾਹੀਂ ਬਾਤਾਂ ਪਾਉਂਦੀਆਂ ਹਨ, ਰੁੱਖ ਝੂਮਦੇ ਹਨ, ਹਵਾ ਸਰਗੋਸ਼ੀਆਂ ਕਰਦੀ ਹੈ । ਠੰਢੀਆਂ-ਮਿੱਠੀਆਂ ਪੌਣਾਂ ਵਾਤਾਵਰਨ ਵਿੱਚ ਸੁਗੰਧੀਆਂ ਘੋਲਦੀਆਂ ਹਨ ਤੇ ਚਾਰ-ਚੁਫੇਰੇ ਹਰਿਆਵਲ ਲੋਰੀਆਂ ਦਿੰਦੀ ਹੈ । ਰੁੱਖਾਂ ਦੀ ਥਾਂ ਤੇ ਛਾਂ ਨਿਰਮਲ ਤੇ ਪਵਿੱਤਰ ਹੈ । ਰੁੱਖ ਆਪ ਗਰਮੀ-ਸਰਦੀ, ਮੀਂਹ-ਧੁੱਪ ਆਦਿ ਸਹਾਰ ਕੇ ਸਭ ਨੂੰ ਆਸਰਾ, ਫੁੱਲ, ਫ਼ਲ, ਪੰਛੀਆਂ ਲਈ ਘਰ ਤੇ ਜ਼ਿੰਦਾ ਰਹਿਣ ਲਈ ਮਨੁੱਖ ਨੂੰ ਆਕਸੀਜਨ ਪ੍ਰਦਾਨ ਕਰਦੇ ਹਨ । ਅੱਜ ਦਾ ਮਨੁੱਖ ਆਪਣੇ ਸਵਾਰਥ ਖਾਤਰ ਰੁੱਖ ਵੱਢ ਕੇ ਵੱਡੀਆਂ-ਵੱਡੀਆਂ ਇਮਾਰਤਾਂ ਖੜੀਆਂ ਕਰ ਰਿਹਾ ਹੈ, ਸੜਕਾਂ ਬਣਾ ਰਿਹਾ ਹੈ । ਬਾਲਣ ਤੇ ਫਰਨੀਚਰ ਬਣਾਉਣ ਲਈ ਰੁੱਖ ਕੱਟੀ ਜਾ ਰਿਹਾ ਹੈ ਪਰ ਇਸ ਦੇ ਲਈ ਹੋਰ ਰੁੱਖ ਵੀ ਲਾਏ ਜਾਣੇ ਚਾਹੀਦੇ ਹਨ । ਅੱਜ-ਕੱਲ ਕਈ ਸੰਸਥਾਵਾਂ ਰੁੱਖਾਂ ਦੀ ਮਹੱਤਤਾ ਨੂੰ ਸਮਝਦੇ ਹੋਏ ਮਹਿਮਾਨਾਂ ਨੂੰ ਤੋਹਫੇ ਦੇ ਤੌਰ 'ਤੇ ਬੂਟਿਆਂ ਦਾ ਪ੍ਰਸ਼ਾਦ ਵੰਡ ਰਹੇ ਹਨ ਜੋ ਬਹੁਤ ਹੀ ਸ਼ਲਾਘਾਯੋਗ ਕਦਮ ਹੈ । ਰੁੱਖਾਂ ਪ੍ਰਤੀ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਵੀ ਜੁੜੀਆਂ ਹੋਈਆਂ ਹਨ । ਨਿੰਮ, ਬੋਹੜ, ਪਿੱਪਲ ਤੇ ਅੰਬ ਆਦਿ ਦੇ ਨਾਲ ਪਵਿੱਤਰਤਾ, ਪੂਜਨੀਕਤਾ ਤੇ ਸਨਮਾਨ ਦੀ ਭਾਵਨਾ ਜੁੜੀ ਹੋਈ ਹੈ । ਇਹ ਗੁਣਾਂ ਦੇ ਖ਼ਜ਼ਾਨੇ ਹਨ । ਇੰਜ ਰੁੱਖ ਜਨਮ ਤੋਂ ਲੈ ਕੇ ਮਰਨ ਤੱਕ ਮਨੁੱਖ ਦੇ ਸੱਚੇ ਸਾਥੀ ਹਨ । ਸਰਕਾਰਾਂ ਨੂੰ ਚਾਹੀਦਾ ਹੈ ਕਿ ਵਾਤਾਵਰਨ ਨੂੰ ਬਚਾਉਣ ਲਈ ਰੁੱਖਾਂ ਦੀ ਸੰਭਾਲ ਵੱਲ ਵਿਸ਼ੇਸ ਧਿਆਨ ਦੇਣ ਦਾ ਉਪਰਾਲਾ ਕਰਨ ਤਾਂ ਕਿ ਰੁੱਖਾਂ ਦੀ ਸੰਭਾਲ ਭਲੀ-ਭਾਂਤ ਕੀਤੀ ਜਾਵੇ ।

(i) ਅੱਜ-ਕੱਲ ਤੋਹਫਿਆਂ ਦੇ ਰੂਪ ਵਿੱਚ ਕਿਸਦਾ ਪ੍ਰਸ਼ਾਦ ਦਿੱਤਾ ਜਾ ਰਿਹਾ ਹੈ ?

(A) ਹਲਵੇ ਦਾ (B) ਲੱਡੂਆਂ ਦਾ

(C) ਬੂਟਿਆਂ ਦਾ (D) ਫੁੱਲਾਂ ਦਾ

(ii) ਵਾਤਾਵਰਨ ਵਿੱਚ ਸੁਗੰਧੀਆਂ ਕਿਸ ਦੁਆਰਾ ਘੋਲੀਆਂ ਜਾਂਦੀਆਂ ਹਨ ?

(A) ਫੁੱਲਾਂ ਦੀਆਂ ਖੁਸ਼ੀਆਂ ਦੁਆਰਾ

(B) ਠੰਢੀਆਂ ਮਿੱਠੀਆਂ ਪੌਣਾਂ ਦੁਆਰਾ

(C) ਬਾਰਸ਼ ਦੀਆਂ ਬੂੰਦਾਂ ਦੁਆਰਾ

(D) ਬਰਫੀਲੀਆਂ ਹਵਾਵਾਂ ਦੁਆਰਾ

(iii) ਮਨੁੱਖ ਨੂੰ ਜ਼ਿੰਦਾ ਰਹਿਣ ਲਈ ਰੁੱਖ ਕੀ ਪ੍ਰਦਾਨ ਕਰਦੇ ਹਨ ?

(A) ਆਕਸੀਜਨ (B) ਹਾਈਡਰੋਜਨ

(C) ਨਾਈਟਰੋਜਨ (D) ਫਰੋਜਨ

(iv) ਵੇਲਾਂ ਕਿੰਨਾਂ ਰਾਹੀਂ ਬਾਤਾਂ ਪਾਉਂਦੀਆਂ ਹਨ ?

(A) ਝਾੜੀਆਂ ਰਾਹੀਂ (B) ਬੂਟਿਆਂ ਰਾਹੀਂ

(C) ਫੁੱਲਾਂ ਰਾਹੀਂ (D) ਪੱਤੀਆਂ ਰਾਹੀਂ

(v) ਜਨਮ ਤੋਂ ਮਰਨ ਤੱਕ ਮਨੁੱਖ ਦੇ ਸੱਚੇ ਸਾਥੀ ਕੌਣ ਹਨ ?

(A) ਇਮਾਰਤਾਂ (B) ਪੰਛੀ

(C) ਫੁੱਲ-ਪੱਤੀਆਂ (D) ਰੁੱਖ

(vi) ਸਰਕਾਰਾਂ ਨੂੰ ਵਾਤਾਵਰਨ ਨੂੰ ਬਚਾਉਣ ਲਈ ਕੀ ਕਰਨਾ ਚਾਹੀਦਾ ਹੈ ?

(A) ਰੁੱਖਾਂ ਦੀ ਸੰਭਾਲ

(B) ਸੜਕਾਂ ਦੀ ਸੰਭਾਲ

(C) ਪੌਣਾਂ ਦੀ ਸੰਭਾਲ

(D) ਖਜਾਨੇ ਦੀ ਸੰਭਾਲ

(vii) ਸਾਨੂੰ ਕੁਦਰਤ ਵੱਲੋਂ ਕਿਹੜਾ ਅਨਮੋਲ ਧਨ ਤੇ ਤੋਹਫਾ ਮਿਲਿਆ ਹੈ ?

(A) ਮਿੱਠੀ ਖੁਸ਼ਬੂ (B) ਅਨਾਜ

(C) ਰੁੱਖ (D) ਫੁੱਲ-ਫ਼ਲ

(viii) ਪੈਰੇ ਦਾ ਢੁਕਵਾਂ ਸਿਰਲੇਖ ਲਿਖੋ ।

(A) ਸੰਘਣੇ ਜੰਗਲ (B) ਪਾਣੀ ਦੀ ਸੰਭਾਲ

(C) ਪੰਛੀਆਂ ਦੀ ਸੰਭਾਲ (D) ਰੁੱਖਾਂ ਦੀ ਸੰਭਾਲ

## ਭਾਗ-II : ਪ੍ਰਭਾਵਸ਼ਾਲੀ ਲਿਖਣ-ਕੌਸ਼ਲ

## PART-II : Writing Skills *8+7=15*

**2.** (a) ਤੁਸੀਂ ਕਿਸੇ ਸ਼ੂਗਰ ਮਿੱਲ ਤੋਂ ਆਰਡਰ ਤੇ ਦੋ ਸੌ ਕੁਵਿੰਟਲ ਖੰਡ ਮੰਗਵਾਈ ਸੀ। ਸ਼ੂਗਰ ਮਿੱਲ ਤੋਂ ਜੋ ਖੰਡ/ਚੀਨੀ ਭੇਜੀ ਗਈ ਹੈ, ਉਹ ਸੈਂਪਲ/ਨਮੂਨੇ ਨਾਲ ਮੇਲ ਨਹੀਂ ਖਾਂਦੀ ਹੈ। ਇਸ ਸੰਬੰਧੀ ਮਿੱਲ ਦੇ ਪ੍ਰਬੰਧਕ ਨੂੰ ਇੱਕ ਪੱਤਰ ਰਾਹੀਂ ਸੂਚਨਾ ਦਿਉ। *8*

**ਜਾਂ (OR)**

(b) ਤੁਹਾਡਾ ਏ.ਟੀ.ਐਮ. ਕਾਰਡ ਕਿਸੇ ਕਾਰਨ ਨੁਕਸਾਨਿਆ ਗਿਆ ਹੈ। ਇਸ ਸਬੰਧੀ ਬੈਂਕ ਨੂੰ ਸੂਚਿਤ ਕਰਦਿਆਂ ਨਵਾਂ ਏ.ਟੀ.ਐਮ. ਕਾਰਡ ਜਾਰੀ ਕਰਨ ਲਈ ਪੱਤਰ ਲਿਖੋ। *8*

**3.** ਕਿਸੇ ***ਇੱਕ*** *(any **one**)* ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ-ਰਚਨਾ ਕਰੋ। *7*

(a) ਪਹਿਰਾਵੇ ਦਾ ਮਹੱਤਵ

**ਜਾਂ (OR)**

(b) ਰੇਲਵੇ ਸਟੇਸ਼ਨ ਦਾ ਦ੍ਰਿਸ਼

## ਭਾਗ-III : ਵਿਹਾਰਕ ਵਿਆਕਰਨ

## PART-III : Grammar *3+10=13*

**4.** **ਵਾਕ-ਵਟਾਂਦਰਾ :**

ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ***ਤਿੰਨ*** *(any **three**)* ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ : *3×1=3*

(i) ਜੇਕਰ ਪਰਹੇਜ ਨਹੀਂ ਕਰੋਗੇ ਤਾਂ ਸਿਹਤ ਖਰਾਬ ਹੋ ਜਾਵੇਗੀ। (ਹਾਂ ਵਾਚਕ ਵਾਕ ਬਣਾਉ)

(ii) ਰਾਜੂ, ਨੀਟੂ ਤੋਂ ਗੇਂਦ ਖੋਹ ਕੇ ਭੱਜ ਗਿਆ। (ਸੰਯੁਕਤ ਵਾਕ ਬਣਾਉ)

(iii) ਉਹ ਤੁਹਾਡਾ ਕੰਮ ਇਸ ਕਰਕੇ ਨਹੀਂ ਕਰ ਸਕਦਾ ਕਿਉਂਕਿ ਉਹ ਬੀਮਾਰ ਹੈ। (ਸਧਾਰਨ ਵਾਕ ਬਣਾਉ)

(iv) ਵਾਕ-ਵਟਾਂਦਰੇ ਤੋਂ ਕੀ ਭਾਵ ਹੈ ? (ਸਧਾਰਨ ਵਾਕ ਬਣਾਉ)

**5.** **ਅਖਾਣ/ਅਖਾਉਤਾਂ :**

ਹੇਠ ਦਿੱਤੇ ਗਏ ਅਖਾਣਾਂ ਵਿਚੋਂ ਕਿਸੇ ***ਪੰਜ*** *(any **five**)* ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਉਹਨਾਂ ਦੀ ਸਥਿਤੀ ਸਪੱਸ਼ਟ ਹੋ ਜਾਵੇ : *5×2=10*

(i) ਸੰਗ ਤਾਰੇ ਕੁਸੰਗ ਡੋਬੇ

(ii) ਤੌੜੀ ਉਬਲੇਗੀ ਤਾਂ ਆਪਣੇ ਹੀ ਕੰਢੇ ਸਾੜੇਗੀ

(iii) ਜਾਂਦੇ ਚੋਰ ਦੀ ਲੰਗੋਟੀ ਹੀ ਸਹੀ

(iv) ਭੰਡਾ-ਭੰਡਾਰੀਆ ਕਿੰਨਾ 'ਕੁ ਭਾਰ, ਇੱਕ ਮੁੱਠੀ ਚੁੱਕ ਲੈ ਦੂਜੀ ਤਿਆਰ

(v) ਬੇਗਾਨਾ ਮਹਿਲ ਵੇਖ ਕੇ ਆਪਣੀ ਕੁੱਲੀ ਨਹੀਂ ਢਾਹੀਦੀ

(vi) ਮਾਹਾਂ-ਮੋਠਾਂ ਵਿੱਚ ਕੋਈ ਵੱਡਾ-ਛੋਟਾ ਨਹੀਂ ਹੁੰਦਾ

## ਭਾਗ-IV : ਸਾਹਿਤ (ਪਾਠ-ਪੁਸਤਕਾਂ 'ਤੇ ਅਧਾਰਿਤ ਪ੍ਰਸ਼ਨ)

## PART–IV : Text-Book Based Questions *8+4+6+5+8+5+8=44*

**ਕਵਿਤਾਵਾਂ ਵਿੱਚੋਂ :**

**6.** ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ***ਇੱਕ*** *(any* ***one****)* ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : *3+5=8*

(a) ਬੋਕਿਆਂ ਵਰਗੇ ਪੇਟ ਉਹਨਾਂ ਦੇ, ਤੁੱਕਿਆਂ ਵਰਗੇ ਗਾਟੇ,
ਛਾਲੇ-ਛਾਲੇ ਹੱਥ ਉਹਨਾਂ ਦੇ, ਪੈਰ ਬਿਆਈਆਂ-ਪਾਟੇ ।
ਫੇਰ ਵੀ ਕੰਮ ਕਰਾਵਣ ਵਾਲੇ, ਮਾਰ-ਮਾਰ ਕੇ ਫਾਂਟਾਂ,
ਮਾਸੂਮਾਂ ਦੇ ਪਿੰਡਿਆਂ ਉੱਤੇ, ਚਾੜ੍ਹੀ ਜਾਣ ਸਲਾਟਾਂ ।

**ਜਾਂ (OR)**

(b) ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ ।
ਫੁੱਲਾਂ ਨਾਲ ਗੁੰਦੋ ਲੜੀ ਹੀਰਿਆਂ ਦੇ ਹਾਰ ਦੀ ।
ਜੰਗ ਵਿਚੋਂ ਲੜ ਕੇ ਸਿਪਾਹੀ ਮੇਰੇ ਆਉਣਗੇ ।
ਚੰਨਾਂ ਦਿਆਂ ਚਿਹਰਿਆਂ ਤੋਂ ਚੰਨ ਮੁਸਕਾਣਗੇ ।
ਵਿਹੜੇ ਵਿੱਚ ਠਾਠਾਂ ਮਾਰੂ ਖ਼ੁਸ਼ੀ ਸੰਸਾਰ ਦੀ ।
ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ ।

**7.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *4×1=4*

(i) 'ਤਾਜ ਮਹੱਲ' ਕਵਿਤਾ ਵਿਚਲਾ ਵਾਤਾਵਰਨ ਕਿਹੋ ਜਿਹਾ ਹੈ ?

(A) ਹਨੇਰੀ ਰਾਤ ਦਾ (B) ਬੱਦਲਵਾਈ ਰਾਤ ਦਾ
(C) ਚਾਨਣੀ ਰਾਤ ਦਾ (D) ਤੁਫਾਨੀ ਰਾਤ ਦਾ

(ii) ਕਵੀ ਨੂੰ ਅਸਮਾਨ ਵਿੱਚ ਕੀ ਨਜ਼ਰ ਆਉਂਦਾ ਹੈ ?

(A) ਤਾਰਿਆਂ ਦਾ ਝੁੰਡ (B) ਕੁਦਰਤ ਦੇਵੀ
(C) ਚੰਦ-ਤਾਰੇ (D) ਸੂਰਜ ਦੀਆਂ ਕਿਰਨਾਂ

(iii) ਲੁੱਡਣ ਕਿਸ ਦੀ ਬੇੜੀ ਦਾ ਮਲਾਹ ਸੀ ?

(A) ਹੀਰ ਦੀ (B) ਸੋਹਣੀ ਦੀ
(C) ਸਾਹਿਬਾਂ ਦੀ (D) ਸੱਸੀ ਦੀ

(iv) ਕਿਸ ਦੀ ਜੰਝ (ਬਰਾਤ) ਦਾ ਲਾੜਾ ਰੁੱਸ ਗਿਆ ਹੈ ?

(A) ਰਾਜਕੁਮਾਰ ਦੀ (B) ਸਾਹਵਾਂ ਦੀ
(C) ਸਾਹਨੀਆਂ ਦੀ (D) ਭਿਖਾਰੀਆਂ ਦੀ

**ਕਹਾਣੀਆਂ ਵਿੱਚੋਂ :**

**8.** (a) ਜੀਤੋ ਦੇ ਵੀਰ ਦਾ ਪਾਤਰ-ਚਿਤਰਨ 125 ਤੋਂ 150 ਸ਼ਬਦਾਂ ਵਿੱਚ ਕਰੋ । *6*

**ਜਾਂ (OR)**

(b) 'ਨੀਲੀ' ਕਹਾਣੀ ਦਾ ਵਿਸ਼ਾ-ਵਸਤੂ 125 ਤੋਂ 150 ਸ਼ਬਦਾਂ ਵਿੱਚ ਲਿਖੋ । *6*

**9.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *5×1=5*

(i) ਨੀਲੀ ਕਾਹਦੇ ਨਾਲ ਗੇਟ ਖੜਕਾਉਂਦੀ ਸੀ ?

(A) ਮੂੰਹ ਨਾਲ (B) ਸਿੰਗਾਂ ਨਾਲ

(C) ਖੁਰ ਨਾਲ (D) ਲੱਤ ਨਾਲ

(ii) ਕਹਾਣੀਕਾਰ/ਲੇਖਕ ਕਿੰਨੇ ਰੁਪਇਆਂ ਦੀਆਂ ਸਿਗਰਟਾਂ ਪੀ ਲੈਂਦਾ ਸੀ ?

(A) ਦੋ-ਢਾਈ ਰੁਪਏ (B) ਦੋ-ਤਿੰਨ ਰੁਪਏ

(C) ਢਾਈ-ਤਿੰਨ ਰੁਪਏ (D) ਇੱਕ-ਦੋ ਰੁਪਏ

(iii) ਅੰਤ ਵਿਚ ਜੀਤੋ ਨਾਲ ਉਸਦੇ ਸਹੁਰੇ ਘਰ ਕੌਣ ਗਿਆ ?

(A) ਚਚੇਰਾ ਭਰਾ (B) ਵੱਡਾ ਵੀਰ

(C) ਛੋਟਾ ਵੀਰ (D) ਮਮੇਰਾ ਭਰਾ

(iv) ਸਾਂਝ ਕਹਾਣੀ ਦੀਆਂ ਘਟਨਾਵਾਂ ਕਿਹੜੇ ਮਹੀਨੇ ਵਿੱਚ ਵਾਪਰੀਆਂ ਹਨ ?

(A) ਜੇਠ ਮਹੀਨੇ ਵਿੱਚ (B) ਹਾੜ ਮਹੀਨੇ ਵਿੱਚ

(C) ਵਸਾਖ ਮਹੀਨੇ ਵਿੱਚ (D) ਸਾਵਨ ਮਹੀਨੇ ਵਿੱਚ

(v) 'ਮਾੜਾ ਬੰਦਾ' ਕਹਾਣੀ ਵਿਚ ਕਹਾਣੀਕਾਰ ਮੇਜ਼ ਉੱਤੇ ਬਹਿ ਕੇ ਕੀ ਲਿਖ ਰਿਹਾ ਸੀ ?

(A) ਕਿਤਾਬ (B) ਵਸੀਅਤ

(C) ਹਿਸਾਬ (D) ਚਿੱਠੀ

**10.** ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ***ਚਾਰ*** *(any **four**)* ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿਚ ਲਿਖੋ : *4×2=8*

(i) ਅੰਤ ਵਿੱਚ ਜੀਤੋ ਦਾ ਵੀਰ ਉਸਦੇ ਨਾਲ ਸਹੁਰੇ ਜਾਣ ਲਈ ਕਿਵੇਂ ਤਿਆਰ ਹੋ ਗਿਆ ?

(ii) ਰਿਕਸ਼ੇ ਵਾਲੇ ਦੀ ਕਿਹੜੀ ਗੱਲ ਉੱਤੇ ਕਹਾਣੀਕਾਰ ਨੂੰ ਬਹੁਤ ਗੁੱਸਾ ਚੜ੍ਹਦਾ ਹੈ ?

(iii) ਪ੍ਰੋਫ਼ੈਸਰ ਮਲਹੋਤਰਾ ਨੇ ਆਪਣੀ ਕਿਹੜੀ ਗਲਤੀ ਠੀਕ ਕੀਤੀ ਸੀ ?

(iv) ਗਵਾਲੇ ਦੁਆਰਾ ਮਸਾਲੇ ਦੀ ਟੋਕਰੀ ਚੁੱਕ ਕੇ ਲੈ ਜਾਣ ਤੋਂ ਬਾਅਦ ਨੀਲੀ ਦੇ ਮਨ ਦੀ ਹਾਲਤ ਲੇਖਕ ਨੇ ਕਿਵੇਂ ਬਿਆਨ ਕੀਤੀ ?

(v) ਰਿਕਸ਼ੇ ਵਾਲੇ ਦਾ ਹੁਲੀਆ ਆਪਣੇ ਸ਼ਬਦਾਂ ਵਿੱਚ ਲਿਖੋ ।

**ਪੰਜਾਬੀ ਸਭਿਆਚਾਰ ਦੀ ਜਾਣ-ਪਛਾਣ :**

**11.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *5×1=5*

(i) ਪੰਜਾਬ ਦੀਆਂ ਇਸਤਰੀਆਂ ਦਾ ਲੋਕ-ਨਾਚ ਕਿਹੜਾ ਹੈ ?

(A) ਗਿੱਧਾ (B) ਸੰਮੀ

(C) ਲੁੱਡੀ (D) ਝੂੰਮਰ

(ii) ਸ਼ੀਤਲਾ ਦੇਵੀ ਦਾ ਵਾਹਨ ਕਿਸ ਨੂੰ ਮੰਨਿਆ ਗਿਆ ਹੈ ?

(A) ਘੋੜੇ ਨੂੰ (B) ਬੈਲ ਨੂੰ

(C) ਖੋਤੇ ਨੂੰ (D) ਊਠ ਨੂੰ

(iii) ਮਾਘੀ ਵਾਲੇ ਦਿਨ ਦਾ ਮੇਲਾ ਕਿੱਥੇ ਲੱਗਦਾ ਹੈ ?

(A) ਕਰਤਾਰਪੁਰ ਵਿਖੇ (B) ਮੁਕਤਸਰ ਵਿਖੇ

(C) ਕੀਰਤਪੁਰ ਵਿਖੇ (D) ਅਨੰਦਪੁਰ ਸਾਹਿਬ ਵਿਖੇ

(iv) ਪੇਂਡੂ ਲੋਕਾਂ ਦੇ ਮਨੋਰੰਜਨ ਦਾ ਪ੍ਰਮੁੱਖ ਸਾਧਨ ਕੀ ਰਿਹਾ ਹੈ ?

(A) ਰੇਡੀਉ ਪ੍ਰੋਗਰਾਮ (B) ਲੋਕ-ਖੇਡਾਂ

(C) ਕੰਪਿਉਟਰ ਗੇਮਾਂ (D) ਟੈਲੀਵਿਜ਼ਨ ਪ੍ਰੋਗਰਾਮ

(v) ਵਿਆਹ ਸਮੇਂ ਮੁੰਡੇ ਦੀ ਭਾਬੀ ਕਿਹੜੀ ਰਸਮ ਕਰਦੀ ਹੈ ?

(A) ਸੁਰਮਾ ਪਾਉਣ ਦੀ (B) ਪਾਣੀ ਵਾਰਨ ਦੀ

(C) ਵਾਗਾਂ ਗੁੰਦਣ ਦੀ (D) ਖਿਚੜੀ ਖੁਆਉਣ ਦੀ

**12.** ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ***ਦੋ*** *(any **two**)* ਪ੍ਰਸ਼ਨਾਂ ਦੇ ਉੱਤਰ 70 ਤੋਂ 80 ਸ਼ਬਦਾਂ ਵਿੱਚ ਲਿਖੋ : *2×4=8*

(i) ਸ਼ੱਕਰ ਭਿੱਜੀ ਲੋਕ ਖੇਡ ਬਾਰੇ ਜਾਣਕਾਰੀ ਦਿਉ ।

(ii) ਪੰਜਾਬ ਦੇ ਮੁੱਖ ਮੌਸਮੀ ਮੇਲੇ ਕਿਹੜੇ-ਕਿਹੜੇ ਹਨ ? ਇਹਨਾਂ ਵਿੱਚੋਂ ਕਿਸੇ ਇੱਕ ਮੇਲੇ ਬਾਰੇ ਸੰਖੇਪ ਜਾਣਕਾਰੀ ਦਿਉ ।

(iii) ਪੰਜਾਬ ਵਿੱਚ ਵਿਆਹ ਦੇ ਸਮੇਂ ਦੇ ਰਸਮ-ਰਿਵਾਜ ਕਿਹੜੇ-ਕਿਹੜੇ ਸਨ ? ਹੁਣ ਇਹਨਾਂ ਵਿੱਚ ਕੀ ਤਬਦੀਲੀ ਆ ਰਹੀ ਹੈ ?